This question paper contains 3 printed pages]

*Your Roll No.*...............

**105 (A)**

**B.Com./I Sem. B**

Paper CP-1.4 —PUNJABI (Advance) (B)

(Functional Punjabi and Prose)

(Admission of 2011 and onwards)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

ਨੋਟ :—ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ ।

1. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖਕੇ ਵਾਕ ਬਣਾਉ :

ਇੱਟ ਚੁਕਦੇ ਨੂੰ ਪਥੱਰ ਚੁਕਣਾ, ਸਰ ਕਰਨਾ, ਅੱਗ ਲਾਉਣੀ, ਆਢਾ ਲਾਉਣਾ, ਅੱਖਾਂ ਫੇਰ ਲੈਣੀਆਂ । 5

2. ਸ਼ਬਦ ਜੋੜਾਂ ਦੇ 'ਯ' ਧੁਨੀ ਨਾਲ ਸੰਬੰਧਿਤ ਨੇਮ ਲਿਖੋ । 5

3. ਅਲੰਕਾਰ ਦੀ ਪਰਿਭਾਸ਼ਾ ਕਰਦੇ ਹੋਏ ਰੂਪਕ ਤੇ ਅਤਿਕਥਨੀ ਅਲੰਕਾਰ ਵਿਚਲਾ ਅੰਤਰ ਉਦਾਹਰਨਾਂ ਸਹਿਤ ਸਪੱਸ਼ਟ ਕਰੋ । 10

4. ਹੇਠ ਲਿਖੇ ਵਾਕਾਂ ਦਾ ਵਟਾਂਦਰਾ ਵਚਨ ਬਦਲ ਕੇ ਕਰੋ :

(*i*) ਤੁਸੀਂ ਹਰ ਰੋਜ਼ ਨੇਮ ਨਾਲ ਸੈਰ ਕਰਦਾ ਹਨ ।

(*ii*) ਮੈਂ ਪਰਸੋਂ ਜਲੰਧਰ ਜਾਵਾਂਗੇ ।

(*iii*) ਜਿਨ੍ਹਾਂ ਖਾਧੀਆਂ ਗਾਜਰਾਂ ਪੇਟ ਉਸ ਦੇ ਪੀੜ ।

(*iv*) ਡਾਲੀਆਂ ਉਤੇ ਕਈ ਫੁੱਲ ਖਿੜੇ ਹੋਏ ਸੀ ।

(*v*) ਮੁੰਡੇ ਤੇ ਕੁੜੀਆਂ ਲਿਖਦੇ ਹਨ । 5

P.T.O.

5. ਹੇਠ ਲਿਖੇ ਵਾਕਾਂ ਦਾ ਵਟਾਦਰਾਂ ਲਿੰਗ ਬਦਲ ਕੇ ਕਰੋ :

(*i*) ਭਜਨ ਜਲੰਧਰ ਚਲੇ ਗਈ ਹੋ ।

(*ii*) ਉਸਨੇ ਨੀਲਾ ਪੱਗ ਤੇ ਚਿੱਟੀ ਕਮੀਜ਼ ਪਾਈ ਹੈ ।

(*iii*) ਸਾਡੇ ਅਧਿਆਪਕ ਆਏ ਸੀ ।

(*iv*) ਉਸਨੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਮੈਂ ਅਵੱਸ਼ ਪਾਸ ਹੋਵਾਂਗਾ ।

(*v*) ਮੈਂ ਕਲ੍ਹ ਪਿੰਡ ਜਾਵਾਂਗਾ । 5

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

"ਮੂਲ ਰੂਪ ਵਿਚ ਕਿਸੇ ਸਮਾਜ ਅਤੇ ਸਭਿਆਚਾਰ ਵਿਚਲੀ ਰਿਸ਼ਤਾ-ਪ੍ਰਣਾਲੀ ਦੀ ਬੁਨਿਆਦੀ ਧਰਾਤਲ-ਭੂਮੀ 'ਪਰਵਾਰ' ਹੈ । 'ਪਰਵਾਰ' ਵਿਚੋਂ ਹੀ ਵਿਵਿਧ ਕਿਸਮ ਦੇ ਰਿਸ਼ਤੇ ਪ੍ਰਨਪਦੇ, ਪਲਦੇ ਅਤੇ ਵਿਗਸਦੇ ਹਨ । ਇਹੋ ਪਰਿਵਾਰਕ ਰਿਸ਼ਤਿਆਂ ਦੀਆਂ ਤੰਦਾਂ, ਹੋਰਨਾਂ ਸੰਬੰਧਾਂ ਜਾਂ ਰਿਸ਼ਤਿਆਂ ਦੇ ਟਾਕਰੇ ਦੇ ਸੰਦਰਭ ਵਿਚ, ਵਧੇਰੇ ਪੀਡੀਆਂ ਅਤੇ ਪਕੇਰੀਆਂ ਹੁੰਦੀਆਂ ਹਨ । ਪਰਵਾਰ ਵਿਚੋਂ ਹੀ ਬੱਚਾ ਸਮਾਜੀ-ਕਦਰ ਪ੍ਰਣਾਲੀ ਤੋਂ ਜਾਣੂ ਹੋਕੇ ਵਿਅਕਤੀ ਸਮੂਹ ਦੀਆਂ ਇਛਾਵਾਂ-ਭਾਵਨਾਵਾਂ ਆਦਿ ਨੂੰ ਸਮਝਣ ਦੇ ਸਮਰੱਥ ਹੋ ਸਕਦਾ ਹੈ ਅਤੇ ਉਹ ਨਵ-ਉਸਾਰੀ ਅਤੇ ਉਪਜਾ ਇਕਤਾ ਦੀ ਸ਼ਕਤੀ ਨੂੰ ਆਪਣੇ ਆਪ ਵਿਚ ਪ੍ਰਫੁਲਿਤ ਕਰਨ ਹਿਤ ਯਤਨਸ਼ੀਲ ਰਹਿੰਦਾ ਹੈ । ਇਥੋਂ ਹੀ ਉਹ ਗੁੱਲੀ, ਜੁੱਲੀ ਅਤੇ ਕੁੱਲੀ ਜਿਹੀਆਂ ਬੁਨਿਆਦੀ ਲੋੜਾਂ ਦੇ ਯਥਾਰਥ ਤੋਂ ਜਾਣੂ ਹੋ ਕੇ, ਆਪਣੀ ਉਪਜਾਊ ਅਤੇ ਸਿਰਜਨਾਤਮਕ ਸ਼ਕਤੀ ਦੇ ਬਲਬੂਤੇ ਸਦਕਾ ਆਪਣੀ ਜੈਵਿਕ ਹੋਂਦ-ਸਥਿਤੀ ਨੂੰ ਪ੍ਰਵਾਹਮਾਨ ਕਰਦਾ ਰਹਿੰਦਾ ਹੈ । ਇਸ ਤਰ੍ਹਾਂ ਔਰਤ ਮਰਦ, ਪਤੀ-ਪਤਨੀ ਦੇ ਰੂਪ ਵਿਚ ਸੰਤਾਨ ਉਤਪਤੀ ਕਰਦੇ ਹਨ ਅਤੇ ਪਰਵਾਰ ਦੀ ਸੰਰਚਨਾ ਘੜ ਕੇ ਰਿਸ਼ਤੇਦਾਰੀ ਦੇ ਮੂਲ ਸਰੋਕਾਰ ਦਾ ਕੇਂਦਰੀ ਧੁਰਾ ਬਣ ਜਾਂਦੇ ਹਨ ।"

(*i*) ਇਸ ਪੈਰ੍ਹੇ ਦਾ ਸਿਰਲੇਖ ਲਿਖੋ ।

(*ii*) ਬੱਚਾ ਆਪਣੀ ਸਮਝ-ਸਮੱਰਥਾ ਕਿਵੇਂ ਗ੍ਰਹਿਣ ਕਰਦਾ ਹੈ ?

(*iii*) ਰਿਸ਼ਤੇਦਾਰੀ ਦੇ ਮੂਲ ਸਰੋਕਾਰ ਦਾ ਕੇਂਦਰੀ ਧੁਰਾ ਪਰਿਵਾਰ ਕਿਵੇਂ ਬਣਦਾ ਹੈ ?

(*iv*) ਇਸ ਪੈਰ੍ਹੇ ਵਿਚੋਂ ਦੋ ਦੋ ਨਾਂਵ੍ ਪੜਨਾਵ ਅਤੇ ਵਿਸ਼ੇਸ਼ਣ ਛਾਂਟੋ ।

(*v*) ਪ੍ਰਵਾਹਮਾਨ, ਪ੍ਰਫੁਲਿਤ ਤੇ ਪੀੜੀਆਂ, ਸ਼ਬਦਾਂ ਦੇ ਅਰਥ ਲਿਖੋ । 15

7. ਰੇਖਾ ਚਿੱਤਰ ਦੀ ਪਰਿਭਾਸ਼ਾ ਕਰਦੇ ਹੋਏ ਇਸਦੇ ਤੱਤਾਂ 'ਤੇ ਵਿਚਾਰ ਕਰੋ ।

ਜਾਂ

'ਜਸਵੰਤ ਸਿੰਘ ਵਿਰਦੀ ਦੁਆਰਾ ਰਚਿਤ ਰੇਖਾ ਚਿਤੱਰ 'ਪੂਰਨ ਸਿੰਘ' ਵਿਚੋਂ ਪੂਰਨ ਸਿੰਘ ਦੇ ਵਿਅਕਤਿਤਵ ਦੀ ਉਸਾਰੀ ਕਰੋ । 15

8. ਗੁਰਬਚਨ ਸਿੰਘ ਤਾਲਿਬ ਦੇ ਲੇਖ 'ਝੂਠ ਤੇ ਸੱਚ' ਦਾ ਵਿਸ਼ਾ ਵਸਤੂ ਵਿਚਾਰੋ ਜਾਂ ਇਸਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 15